# ਡਾਇਰੈਕਟਰ ਜਨਰਲ ਸਕੂਲ ਸਿੱਖਿਆ
# ਪੰਜਾਬ ਆਈ.ਸੀ.ਟੀ ਸਿੱਖਿਆ ਸੋਸਾਇਟੀ (ਪਿਕਟਸ)

**ਐਸ.ਸੀ ਓ ਨੰ.104-106, ਦੂਜੀ ਮੰਜ਼ਿਲ, ਸੈਕਟਰ-34/A, ਚੰਡੀਗੜ੍ਹ**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਧਿਕਾਰੀ (ਸੈ.ਸਿੱ)
ਪੰਜਾਬ

ਪੱਤਰ ਨੰ. 7/166-08/3 ਸਿ.7-TTMS/42921
ਮਿਤੀ: 21 ਜੂਨ, 2010

**ਵਿਸ਼ਾ: ਟੀਚਰ ਟਰਾਂਸਫ਼ਰ ਮੈਨੇਜਮੈਂਟ ਸਿਸਟਮ (TTMS) ਨੂੰ ਵੈਬ ਸਾਈਟ ਤੇ ਚਾਲੂ ਕਰਨ ਬਾਰੇ ਅਤੇ ਬਾਕੀ ਰਹਿਦੇ ਸਕੂਲਾ ਅਤੇ ਟੀਚਰਾਂ ਦਾ ਡਾਟਾ ਮੁਕੰਮਲ ਕਰਵਾਉਣ ਬਾਰੇ।**

1. ਹਵਾਲਾ ਇਸ ਦਫਤਰ ਦੇ ਪੱਤਰ ਨੰ. 7/166-08/3 ਸਿ.7-TTMS/37254-293 ਮਿਤੀ 15.05.2010.

2. ਇਸ ਦਫਤਰ ਦੇ ਧਿਆਨ ਵਿੱਚ ਲਿਆਦਾ ਗਿਆ ਸੀ ਕਿ ਵੈਬ ਸਾਈਟ ਤੇ ਪਾਈ ਟੀਚਰ ਟਰਾਂਸਫਰ ਸਾਫਟਵੇਅਰ ਵਿੱਚ ਕੁਝ ਤਰੁੱਟੀਆ ਹੋਣ ਕਰਕੇ ਜਿਲਿਆਂ ਨੂੰ ਡਾਟਾ ਐਂਟਰੀ ਕਰਨ ਵਿਚ ਮੁਸ਼ਕਲਾਂ ਪੇਸ਼ ਆ ਰਹੀਆ ਸਨ, ਜਿਸ ਕਾਰਨ ਡਾਟਾ ਐਂਟਰੀ ਦਾ ਕੰਮ ਆਰਜ਼ੀ ਤੌਰ ਤੇ ਰੋਕ ਦਿੱਤਾ ਗਿਆ ਸੀ। ਇਸ ਮੁੱਦੇ ਤੇ ਪੰਜਾਬ ਇੰਜਨੀਰਿੰਗ ਕਾਲਜ, ਜਿਨ੍ਹਾਂ ਨੇ ਇਹ ਸਾਫਟਵੇਅਰ ਤਿਆਰ ਕੀਤਾ ਹੈ, ਨਾਲ ਵਿਚਾਰ ਵਟਾਦਰਾ ਕਰਨ ਤੋ ਬਾਅਦ ਇਹ ਫੈਸਲਾ ਲਿਆ ਗਿਆ ਹੈ ਕਿ ਹਰ ਜਿਲ੍ਹੇ ਤੋ ਦੋ-ਦੋ ਕੰਪਿਊਟਰ ਟੀਚਰਾਂ ਨੂੰ ਸ.ਸ.ਸ. ਸਕੂਲ, ਫੇਸ 3B1 ਜਿਲ੍ਹਾ ਮੋਹਾਲੀ ਵਿਖੇ 28.06.2010 ਨੂੰ ਸਵੇਰੇ 10:00 ਵਜੇ ਤੋ ਸ਼ਾਮ 5:00 ਵਜੇ ਤੱਕ ਡਾਟਾ ਐਂਟਰੀ ਅਤੇ ਹੋਰ ਸੰਬਧਤ ਮੁੱਦਿਆ ਤੇ ਟ੍ਰੇਨਿੰਗ ਦਿੱਤੀ ਜਾਵੇਗੀ।

3. ਬੇਨਤੀ ਹੈ ਕਿ ਆਪਣੇ ਜਿਲ੍ਹੇ ਵੱਲੋ ਦੋ ਚੁਣੇ ਹੋਏ ਕੰਪਿਊਟਰ ਟੀਚਰਾਂ ਨੂੰ ਇਸ ਟ੍ਰੇਨਿੰਗ ਲਈ ਭੇਜਿਆ ਜਾਵੇ ਜੀ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ ਆਈ.ਸੀ.ਟੀ ਸਿੱਖਿਆ ਸੋਸਾਇਟੀ

ਪਿੰਠ ਅੰਕਣ ਨੰ. 7/166-08/3 ਸਿ.7-TTMS/42922 ਮਿਤੀ 21.06.2010

ਉਤਾਰਾ:-

(ੳ) ਸਮੂਹ ਜ਼ਿਲ੍ਹਾ ਸਿੱਖਿਆ ਅਧਿਕਾਰੀ (ਐ.ਸਿੱ) ਨੂੰ ਸੂਚਨਾ ਹਿੱਤ।

(ਅ) ਜ਼ਿਲ੍ਹਾ ਸਿੱਖਿਆ ਅਧਿਕਾਰੀ (ਸੈ.ਸਿੱ) ਮੌਹਾਲੀ ਅਤੇ ਪ੍ਰਿੰਸੀਪਲ, ਸ.ਸ.ਸ. ਸਕੂਲ, ਫੇਸ 3B1, ਮੌਹਾਲੀ ਨੂੰ ਬੇਨਤੀ ਹੈ ਕਿ ਟ੍ਰੇਨਿੰਗ ਲਈ ਸਕੂਲ ਦੀਆਂ ਕੰਪਿਊਟਰ ਲੈਬਾਂ ਠੀਕ ਚਲਦੀਆ ਹੋਣੀਆ ਚਾਹੀਦੀਆ ਹਨ ਅਤੇ ਖਾਸ ਕਰਕੇ ਇੰਟਰਨੈਟ ਠੀਕ ਕੰਮ ਕਰਦਾ ਹੋਣਾ ਚਾਹੀਦਾ ਹੈ। ਮਿਤੀ 28.06.2010 ਨੂੰ ਸਕੂਲ ਦੇ ਸਾਰੇ ਕੰਪਿਊਟਰ ਟੀਚਰ ਡਿਊਟੀ ਤੇ ਹਾਜਰ ਰਹਿਣਗੇ ਅਤੇ ਟ੍ਰੇਨਿੰਗ ਵਿੱਚ ਮੱਦਦ ਕਰਨਗੇ।

(ੲ) ਕੂਆਡੀਨੇਟਰ, CCE, ਪੰਜਾਬ ਇੰਜ. ਕਾਲਜ (PEC), ਚੰਡੀਗੜ੍ਹ ਨੂੰ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ ਆਈ.ਸੀ.ਟੀ ਸਿੱਖਿਆ ਸੋਸਾਇਟੀ**